# ਲਿਨੇਜ਼ੁਲਿਡ
# LINEZOLID

ਲਿਨੇਜ਼ੁਲਿਡ ਇੱਕ ਐਂਟੀਬਾਇਟਿਕ ਹੈ ਜੋ ਤਬਦਿਕ (ਟੀ.ਬੀ.) ਜਾਂ ਇਸ ਜਿਹੀਆਂ ਹੋਰ ਇਨਫ਼ੈਕਸ਼ਨਜ਼ ਦੇ ਇਲਾਜ ਲਈ ਵਰਤੀ ਜਾਂਦੀ ਹੈ।

## ਇਹ ਮੈਂ ਕਦੋਂ ਲਵਾਂ? (When should I take this?)

- ਇਹ ਦਵਾਈ ਇੱਕ ਨਿਸ਼ਚਿਤ ਸਮੇਂ ਤੇ ਰੋਜ਼ ਲਵੋ। ਇਸ ਤਰ੍ਹਾਂ ਤੁਹਾਨੂੰ ਦਵਾਈ ਲੈਣੀ ਯਾਦ ਰੱਖਣ ਵਿਚ ਮਦਦ ਮਿਲੇਗੀ।

## ਮੈਂ ਇਹ ਕਿਵੇਂ ਲਵਾਂ? (How should I take this?)

- ਡਾਕਟਰ ਦੇ ਕਹਿਣ ਮੁਤਾਬਿਕ ਲਵੋ।
- ਇਹ ਬੜਾ ਮਹੱਤਵਪੂਰਨ ਹੈ ਕਿ ਤੁਸੀਂ ਇਹ ਦਵਾਈ ਲਗਾਤਾਰ ਲਵੋ।
- ਇਹ ਦਵਾਈ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਗੈਰ ਲਈ ਜਾ ਸਕਦੀ ਹੈ।

## ਜੇ ਮੈਂ ਦਵਾਈ ਦੀ ਖ਼ੁਰਾਕ ਲੈਣਾ ਭੁੱਲ ਜਾਵਾਂ ਤਾਂ ਫਿਰ ਕੀ ਕਰਾਂ? (What should I do if I miss a dose?)

- ਜੇ ਤੁਸੀਂ ਦਵਾਈ ਲੈਣੀ ਭੁੱਲ ਜਾਓ ਤਾਂ ਜਿੰਨੀ ਜਲਦੀ ਹੋ ਸਕੇ ਲੈ ਲਵੋ। ਪਰ ਜੇ ਕਰ ਅਗਲੀ ਖ਼ੁਰਾਕ ਲੈਣ ਦਾ ਸਮਾਂ ਹੋ ਗਿਆ ਹੈ ਤਾਂ ਜਿਹੜੀ ਖ਼ੁਰਾਕ ਰਹਿ ਗਈ ਹੈ ਉਸ ਨੂੰ ਰਹਿਣ ਦਿਓ।
- **ਦੋ ਖ਼ੁਰਾਕਾਂ ਇਕੱਠੀਆਂ ਨਾ ਲਵੋ।**

## ਇਹ ਦਵਾਈ ਲੈਂਦੇ ਸਮੇਂ ਕੀ ਮੈਨੂੰ ਕਿਨ੍ਹਾਂ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)

- ਐਸੇ ਖਾਣਿਆਂ ਅਤੇ ਪੀਣ ਵਾਲੇ ਪਦਾਰਥਾਂ ਦਾ ਪਰਹੇਜ਼ ਕਰੋ ਜਿਨ੍ਹਾਂ ਵਿਚ ਟਾਇਰਾਮਾਈਨ (tyramine) ਤੱਤ ਹੋਵੇ ਜਿਵੇਂ ਕਿ ਪੁਰਾਣੇ/ਬਾਸੀ, ਫਰਮੈਂਟਿਡ, ਅਚਾਰ ਬਣਾਏ, ਧੁਅਾਂਖੇ ਜਾਂ ਯੀਸਟ ਵਾਲੇ ਪਦਾਰਥ (ਜਿਵੇਂ ਕਿ ਪੁਰਾਣਾ ਚੀਜ਼, ਸਾਏਰਕਰਾਟ, ਪ੍ਰੀਜ਼ਰਵ ਕੀਤੇ, ਸੁਕਾਏ ਜਾਂ ਮਸ਼ੀਨੀ ਤਿਆਰ ਕੀਤੇ ਮੀਟ, ਬਾਊਲਨ ਕਿਊਬ, ਸੋਆ ਸਾਸ, ਫ਼ਿਸ਼ ਸਾਸ, ਕਿਮਚੀ (kimchi); ਮਿਸੋ ਸੂਪ (miso soup), ਟੈਪ ਬੀਅਰ (tap beers), ਵਾਈਨ, ਐਵਾਕਾਡੋ, ਫਾਵਾ ਬੀਨਜ਼ (fava beans), ਜ਼ਿਆਦਾ ਪੱਕੇ ਫਲ ਜਾਂ ਅਯੋਗ ਤਰੀਕੇ ਨਾਲ ਸਟੋਰ ਕੀਤੇ ਜਾਂ ਖ਼ਰਾਬ ਹੋਏ ਖਾਣੇ)।
  **ਨੋਟ: ਇਹ ਪੂਰੀ ਲਿਸਟ ਨਹੀਂ, ਖ਼ੁਰਾਕ ਸਬੰਧੀ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥ ਲਿੰਕ ਬੀ.ਸੀ. ਨੂੰ 8-1-1 ਤੇ ਸੰਪਰਕ ਕਰੋ।**
- ਠੰਢ ਜਾਂ ਫ਼ਲੂ ਲਈ ਤਿਆਰ ਕੀਤੀਆਂ ਦਵਾਈਆਂ ਜਿਨ੍ਹਾਂ ਵਿਚ ਸੂਡੋਫਿਡਰਾਈਨ (pseudoephedrine) (ਜਿਵੇਂ ਕਿ, ਐਡਵਿਲ (Advil®) ਕੋਲਡ ਅਤੇ ਸਾਈਨਸ, ਕਲੈਰੀਟਿਨ (Claritin®) ਐਲਰਜੀ+ਸਾਈਨਸ, ਨਿਓਸਿਟਰਾਨ (NeoCitran®) ਅਲਟ੍ਰਾਸਟ੍ਰੈਂਥ ਟੋਟਲ ਫਲੂ ਨਾਈਟ) ਦਾ ਪਰਹੇਜ਼ ਕਰੋ।

ਕਾਊਂਟਰ ਤੋਂ ਮਿਲਣ ਵਾਲੀਆਂ ਦਵਾਈਆਂ (ਡਾਕਟਰ ਦੀ ਪਰਚੀ ਤੋਂ ਬਿਨਾਂ) ਅਤੇ ਜੜੀਆਂ ਬੂਟੀਆਂ ਵਾਲੇ ਸਿਹਤ ਲਈ ਪਦਾਰਥਾਂ ਸਮੇਤ **ਜੇ ਕਰ ਤੁਸੀਂ ਕੋਈ ਹੋਰ ਦਵਾਈ ਵੀ ਖਾਂਦੇ ਹੋ** ਤਾਂ ਆਪਣੇ ਡਾਕਟਰ, ਨਰਸ ਅਤੇ ਫਾਰਮਾਸਿਸਟ ਨੂੰ ਦੱਸੋ ।

## ਇਸ ਦੇ ਕੁੱਝ ਸੰਭਵ ਦੁਸ਼ ਪ੍ਰਭਾਵ ਕੀ ਹਨ? (What are some possible side effects?)

- ਦਸਤ
- ਦਿਲ ਕੱਚਾ ਹੋਣਾ
- ਉਲਟੀਆਂ
- ਸਿਰ ਦਰਦ
- ਚੱਕਰ ਆਉਣੇ
- ਸਵਾਦ ਵਿਚ ਤਬਦੀਲੀ
- ਹੱਥਾਂ ਜਾਂ ਪੈਰਾਂ ਵਿਚ ਜਲਨ, ਝੁਣਝੁਣੀ ਜਾਂ ਸੁੰਨ ਹੋਣਾ
- ਯੋਨੀ ਵਿਚ ਯੀਸਟ ਦੀ ਇਨਫ਼ੈਕਸ਼ਨ, ਮੂੰਹ ਵਿਚ ਸਫ਼ੇਦ ਧੱਬੇ ਜਾਂ ਜੀਭ ਦਾ ਰੰਗ ਫਿੱਕਾ ਪੈਣਾ।

**ਜੇ ਕਰ ਕਿਸੇ ਦੁਸ਼ ਪ੍ਰਭਾਵ ਦਾ ਅਸਰ ਨਜ਼ਰ ਆਵੇ ਤਾਂ ਆਪਣੇ ਡਾਕਟਰ ਨਾਲ ਇਸ ਬਾਰੇ ਵਿਚਾਰ ਕਰੋ।**

➔ ਪੰਨਾ 2

**ਚੇਤਾਵਨੀ: ਜੇ ਹੇਠ ਲਿਖਿਆਂ ਵਿਚੋਂ ਕੋਈ ਲੱਛਣ ਨਜ਼ਰ ਆਵੇ ਤਾਂ ਇਹ ਦਵਾਈ ਲੈਣੀ ਬੰਦ ਕਰ ਦਿਓ ਅਤੇ ਆਪਣੇ ਡਾਕਟਰ ਜਾਂ ਨਰਸ ਨੂੰ ਇੱਕ ਦਮ ਫ਼ੋਨ ਕਰੋ: (Caution: Stop taking this medicine and call your doctor or nurse immediately if you experience the following symptoms)**

- ਰੈਸ਼, ਛਪਾਕੀ, ਖ਼ਾਰਸ਼, ਸੋਜਸ਼, ਸਾਹ ਲੈਣ ਨਾਲ ਆਵਾਜ਼ ਆਉਣੀ, ਛਾਤੀ ਵਿਚ ਘੁਟਨ, ਸਾਹ ਲੈਣ ਵਿਚ ਤਕਲੀਫ਼
- ਅਸਾਧਾਰਨ ਖ਼ੂਨ ਨਿਕਲਨਾ ਜਾਂ ਦਾਗ਼ ਪੈਣੇ, ਬਹੁਤ ਥਕਾਵਟ ਜਾਂ ਕਮਜ਼ੋਰੀ, ਸਾਹ ਤੇਜ਼ ਹੋਣਾ, ਬੁਖ਼ਾਰ ਅਤੇ ਠੰਢ ਲੱਗਣੀ, ਜਾਂ ਗਲ਼ਾ ਖ਼ਰਾਬ ਹੋਣਾ
- ਬਲੱਡ ਪ੍ਰੈਸ਼ਰ ਬਹੁਤ ਜ਼ਿਆਦਾ ਵਧ ਜਾਣਾ
- ਬਹੁਤ ਤੇਜ਼ ਸਿਰ ਪੀੜ
- ਨਜ਼ਰ ਆਉਂਦੇ ਰੰਗਾਂ ਵਿਚ ਤਬਦੀਲੀ ਸਮੇਤ ਤੁਹਾਡੀ ਨਜ਼ਰ ਵਿਚ ਕਿਸੇ ਕਿਸਮ ਦੀ ਤਬਦੀਲੀ
- ਮਾਸਪੇਸ਼ੀਆਂ ਵਿਚ ਅਸਾਧਾਰਨ ਦਰਦ ਜਾਂ ਕੜਵੱਲ ਪੈਣੇ, ਥਕਾਵਟ ਜਾਂ ਕਮਜ਼ੋਰੀ, ਸਰਦੀ ਮਹਿਸੂਸ ਕਰਨੀ, ਉਲਟੀਆਂ ਨਾਲ ਜਾਂ ਉਲਟੀਆਂ ਤੋਂ ਬਗ਼ੈਰ ਪੇਟ ਦਰਦ, ਸਾਹ ਲੈਣ ਵਿਚ ਤਕਲੀਫ਼, ਜਾਂ ਅਸਾਧਾਰਨ ਦਿਲ ਦੀ ਧੜਕਣ,
- ਪ੍ਰੇਸ਼ਾਨੀ; ਘਬਰਾਹਟ; ਬੇਚੈਨੀ; ਕੰਬਣਾ; ਬੁਖ਼ਾਰ; ਦਿਲ ਦੀ ਧੜਕਣ ਤੇਜ਼ ਹੋਣੀ, ਫ਼ਲੱਸ਼ਿੰਗ, ਬਹੁਤ ਜ਼ਿਆਦਾ ਪਸੀਨਾ, ਚੱਕਰ ਆਉਣੇ, ਜਾਂ ਥਿੜਕਦੇ ਹੋ, ਡੋਲਦੇ ਹੋ ਜਾਂ ਅੰਗਾਂ ਦਾ ਤਾਲ ਮੇਲ ਕਰਨ ਵਿਚ ਤਬਦੀਲੀ ਹੈ; ਦਿਮਾਗ਼ੀ/ਮਨੋਦਸ਼ਾ ਵਿਚ ਤਬਦੀਲੀ ਹੈ; ਪੇਟ ਵਿਚ ਬਹੁਤ ਜ਼ਿਆਦਾ ਗੜਬੜ, ਉਲਟੀਆਂ ਜਾਂ ਦਸਤ, ਮਾਸਪੇਸ਼ੀਆਂ ਵਿਚ ਝੁਣਝੁਣੀ ਜਿਹੀ, ਰੌਸ਼ਨੀ ਤੋਂ ਸੰਵੇਦਨਸ਼ੀਲਤਾ, ਜਾਂ ਦੌਰੇ ਪੈਣੇ

**ਇਸ ਜਾਣਕਾਰੀ ਪੱਤਰ ਵਿਚ ਦਸੇ ਗਏ ਲੱਛਣਾਂ ਤੋਂ ਇਲਾਵਾ ਜੇ ਕੋਈ ਹੋਰ ਅਸਾਧਾਰਨ ਲੱਛਣ ਤੁਹਾਨੂੰ ਨਜ਼ਰ ਆਏ ਤਾਂ ਆਪਣੇ ਡਾਕਟਰ ਨੂੰ ਦੱਸੋ।**

## ਲਿਨੇਜ਼ੁਲਿਡ ਲੈਣ ਬਾਰੇ ਮੈਨੂੰ ਹੋਰ ਕੀ ਪਤਾ ਹੋਣਾ ਚਾਹੀਦਾ ਹੈ? (What else do I need to know about taking Linezolid?)

- ਇਹ ਬੜਾ ਮਹੱਤਵਪੂਰਨ ਹੈ ਕਿ ਤੁਸੀਂ ਡਾਕਟਰ ਵੱਲੋਂ ਦੱਸੇ ਸਾਰੇ ਟੈੱਸਟ ਕਰਵਾਓ ਅਤੇ ਸਿਹਤ ਸੇਵਾ ਸੰਭਾਲ ਕਰਨ ਵਾਲੇ ਨਾਲ ਨਿਯਤ ਕੀਤੀਆਂ ਸਾਰੀਆਂ ਐਪੁਆਂਇੰਟਮੈਂਟ ਤੇ ਹਾਜ਼ਰ ਹੋਵੋ।
- ਜੇ ਕਰ ਤੁਸੀਂ ਗਰਭਵਤੀ ਹੋ, ਗਰਭ ਧਾਰਨ ਕਰਨ ਬਾਰੇ ਸੋਚ ਰਹੇ ਹੋ ਜਾਂ ਤੁਸੀਂ ਬੱਚੇ ਨੂੰ ਆਪਣਾ ਦੁੱਧ ਪਿਲਾਉਣ ਦੀ ਇੱਛਾ ਰੱਖਦੇ ਹੋ ਤਾਂ ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਦੱਸੋ।
- ਜੇ ਕਰ ਤੁਹਾਨੂੰ ਪਹਿਲਾਂ ਵੀ ਦੌਰੇ ਪੈਂਦੇ ਸਨ ਤਾਂ ਇਹ ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਦੱਸੋ ।

## ਮੈਂ ਇਸ ਦਵਾਈ ਨੂੰ ਕਿੱਥੇ ਸਟੋਰ ਕਰਾਂ? (Where should I store this medication?)

- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।
- ਰੌਸ਼ਨੀ ਅਤੇ ਸਿੱਲ੍ਹ/ਨਮੀ ਤੋਂ ਬਚਾਓ।
- ਠੰਢੀ ਅਤੇ ਖ਼ੁਸ਼ਕ ਜਗ੍ਹਾ ਤੇ ਕਮਰੇ ਦੇ ਤਾਪਮਾਨ ਤੇ ਹੀ ਸਟੋਰ ਕਰੋ।

## ਮੈਂ ਆਪਣੇ ਕਿਸੇ ਹੋਰ ਸੁਆਲ ਲਈ ਕਿਸ ਨੂੰ ਫ਼ੋਨ ਕਰਾਂ? (Where do I call if I have any other questions?)

| | |
|---|---|
| ਆਪਣੇ ਡਾਕਟਰ, ਕਲੀਨਿਕ ਜਾਂ ਪਬਲਿਕ ਹੈਲਥ ਯੂਨਿਟ: | ________________________________ |
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈੱਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫਾਰਮੇਸੀ ਸਰਵਿਸਿਜ਼: | 604-707-2580 |

A research and teaching centre affiliated with UBC